# ਪੰਜਾਬੀ ਯੂਨੀਵਰਸਿਟੀ ਵਲੋਂ ਗੋਲਡਨ ਹਾਰਟ ਸਕਾਲਰਸ਼ਿਪ ਸਕੀਮ ਤਹਿਤ 10+2 ਨਾਨ-ਮੈਡੀਕਲ ਪਾਸ ਵਿਦਿਆਰਥੀ ਵੀ ਦਾਖ਼ਲ ਕਰਨ ਦੀ ਪ੍ਰਵਾਨਗੀ

ਪਟਿਆਲਾ, 9 ਮਾਰਚ (ਕੁਲਵੀਰ ਸਿੰਘ ਧਾਲੀਵਾਲ)-ਪੰਜਾਬੀ ਯੂਨੀਵਰਸਿਟੀ ਨੇ ਵਿਦਿਆਰਥੀਆਂ ਦੇ ਹਿਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੁਣ ਗੋਲਡਨ ਹਾਰਟ ਸਕਾਲਰਸ਼ਿਪ ਸਕੀਮ ਤਹਿਤ 10+2 ਨਾਨ-ਮੈਡੀਕਲ ਪਾਸ ਵਿਦਿਆਰਥੀ ਨੂੰ ਵੀ ਬੀ.ਟੈੱਕ. ਭਾਗ ਪਹਿਲਾ ਵਿਚ ਦਾਖ਼ਲ ਕਰਨ ਦਾ ਫ਼ੈਸਲਾ ਲਿਆ ਹੈ।ਇਹ ਦਾਖ਼ਲੇ ਇਸ ਅਕਾਦਮਿਕ ਸੈਸ਼ਨ ਤੋਂ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵਿਖੇ ਹੋ ਸਕਣਗੇ। ਜ਼ਿਕਰਯੋਗ ਹੈ ਕਿ ਐੱਨ.ਆਰ.ਆਈ. ਭਾਈਚਾਰੇ ਦੇ ਵਿੱਤੀ ਸਹਿਯੋਗ ਨਾਲ਼ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਇੰਜੀਨੀਅਰਿੰਗ ਖੇਤਰ ਵਿਚ ਪੜ੍ਹਾਈ ਕਰਵਾਉਣ ਦੇ ਮਨਸ਼ੇ ਨਾਲ਼ ਚਲਦੀ ਪੰਜਾਬੀ ਯੂਨੀਵਰਸਿਟੀ ਦੀ ਇਸ ਸਕੀਮ ਰਾਹੀਂ ਪਹਿਲਾਂ ਸਿਰਫ਼ ਦਸਵੀਂ ਜਮਾਤ ਉਪਰੰਤ ਹੀ ਦਾਖ਼ਲਾ ਸੰਭਵ ਸੀ ਜਿਸ ਕਾਰਨ ਬਹੁਤ ਸਾਰੇ ਉਹ ਵਿਦਿਆਰਥੀ ਜੋ 10+2 ਮੈਰੀਟੋਰੀਅਸ ਸਕੂਲ ਜਾਂ ਕਿਸੇ ਹੋਰ ਥਾਂ ਤੋਂ ਕਰਦੇ ਸਨ, ਉਹ ਇਸ ਸਕੀਮ ਦੇ ਲਾਭ ਤੋਂ ਵਾਂਝੇ ਰਹਿ ਜਾਂਦੇ ਸਨ। ਹੁਣ ਉਪ-ਕੁਲਪਤੀ ਪ੍ਰੋ. ਅਰਵਿੰਦ ਵਲੋਂ ਇਸ ਸੰਬੰਧੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਪ੍ਰੋ. ਅਰਵਿੰਦ ਨੇ ਕਿਹਾ ਕਿ ਇਹ ਫ਼ੈਸਲਾ ਵਿਦਿਆਰਥੀਆਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੇਂਡੂ ਖੇਤਰਾਂ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਇਸ ਸਕੀਮ ਦਾ ਲਾਭ ਉਠਾਉਣਾ ਚਾਹੀਦਾ ਹੈ। ਕੈਂਪਸ ਡਾਇਰੈਕਟਰ ਡਾ. ਕੰਵਲਜੀਤ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੋਲਡਨ ਹਾਰਟ ਸਕੀਮ ਅਧੀਨ ਬੀ.ਟੈੱਕ. ਛੇ ਸਾਲਾ ਦੇ ਪਹਿਲੇ ਮਡਿਊਲ ਵਿਚ 90 ਸੀਟਾਂ ਤੇ ਇੰਜੀਨੀਅਰਿੰਗ ਡਿਪਲੋਮੇ ਵਿਚ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇਗਾ ਅਤੇ ਨੱਬੇ ਸੀਟਾਂ ਤੇ 10+1 ਨਾਨ-ਮੈਡੀਕਲ ਵਿਚ ਵਿਦਿਆਰਥੀਆਂ ਨੂੰ ਪਹਿਲਾ ਦੀ ਤਰ੍ਹਾਂ ਹੀ ਦਾਖਲਾ ਦਿੱਤਾ ਜਾਵੇਗਾ। ਕੋਆਰਡੀਨੇਟਰ ਦਾਖ਼ਲੇ ਪ੍ਰੋ. ਹਜ਼ੂਰ ਸਿੰਘ, ਕੋ-ਕੋਆਰਡੀਨੇਟਰ ਦਾਖ਼ਲੇ ਪ੍ਰੋ. ਨਵਦੀਪ ਗੋਇਲ, ਵੱਖ-ਵੱਖ ਵਿਭਾਗਾਂ ਦੇ ਮੁਖੀ ਡਾ. ਸਿੰਪਲ ਰਾਣੀ, ਡਾ. ਅੰਜੂ ਸੈਣੀ, ਡਾ. ਅਨੰਦ ਬਾਂਸਲ, ਡਾ. ਸੁਸ਼ੀਲ ਕੁਮਾਰ, ਡਾ. ਬਲਦੇਵ ਸਿੰਘ ਨੇ ਇਹ ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦੇਣ 'ਤੇ ਖ਼ੁਸ਼ੀ ਜ਼ਾਹਰ ਕੀਤੀ।

AJIT
10/03/24

# पंजाबी यूनिवर्सिटी ने गोल्डन हार्ट स्कॉलरशिप योजना के तहत 12वीं गैर-मेडिकल पास छात्रों के प्रवेश को दी मंजूरी

भास्कर न्यूज़|पटियाला

पंजाबी यूनिवर्सिटी अब गोल्डन हार्ट स्कॉलरशिप योजना के तहत 12वीं कक्षा में गैर-मेडिकल पास छात्रों को बी-टेक प्रदान करते हुए पहले पार्ट में उतरने का फैसला किया है। यह दाखिले इस शैक्षणिक सत्र से पंजाबी यूनिवर्सिटी गुरु काशी कैंपस दमदमा साहिब, तलवंडी साबो के यादविंद्रा इंजीनियरिंग विभाग में उपलब्ध होंगे। गौरतलब हो कि पंजाबी यूनिवर्सिटी का उद्देश्य ग्रामीण क्षेत्रों के छात्रों को इंजीनियरिंग के क्षेत्र में शिक्षित करना है, पहले इस योजना के माध्यम से केवल दसवीं कक्षा के बाद ही प्रवेश कर पाते थे, जिसके कारण कई छात्र दसवीं के बाद 11वीं या 12वीं करने के बाद इस योजना का लाभ नहीं ले पाते थे। अब वाइस चांसलर प्रोफेसर अरविंद ने इस योजना का लाभ 12वीं पाश छात्रों के लिए भी देने की घोषणा कर दी है। वाइस चांसलर ने ग्रामीण क्षेत्र के अधिक से अधिक विद्यार्थियों को इस योजना का लाभ मिलना चाहिए।

कैम्पस निदेशक डॉ. कंवलजीत सिंह ने बताया कि गोल्डन हार्ट स्कीम के तहत बी-टेक छह साल के पहले मॉड्यूल में इंजीनियरिंग डिप्लोमा के छात्रों को 90 सीटें और 11वीं कक्षा गैर-मेडिकल छात्रों को 90 सीटों पर पहले की तरह प्रवेश दिया जाएगा। पहले मॉड्यूल को सफलतापूर्वक उत्तीर्ण करने वाले छात्रों को बी.टेक में पदोन्नत करने के बाद छह वर्षीय पाठ्यक्रम के दूसरे मॉड्यूल में प्रवेश दिया जाएगा। गोल्डन हार्ट्स योजना के दूसरे मॉड्यूल को बढ़ावा देने के बाद, बी.टेक सरकारी स्कूलों, मेरिटोरियस स्कूलों, सरकारी एमिनेंस स्कूल, आदर्श स्कूल, जवाहर नवोदय और सरकारी मॉडल स्कूलों के 12वीं कक्षा पास गैर-मेडिकल पास छात्र भी गोल्डन हार्ट्स योजना की शर्तों के तहत पात्र हैं। अन्य मॉड्यूल बी.टेक. चार वर्षीय पाठ्यक्रम में प्रवेश दिया जायेगा।

विभाग के प्रवेश एवं परिसर में चल रहे अन्य पाठ्यक्रमों की जानकारी वेबसाइट www.pugkc.ac.in से प्राप्त की जा सकती है। उन्होंने कहा कि पंजाबी यूनिवर्सिटी पटियाला के वाइस चांसलर डॉ. अरविंद की व्यक्तिगत रुचि और कुशल मार्गदर्शन में गोल्डन हार्ट योजना के तहत इन पाठ्यक्रमों से ग्रामीण क्षेत्रों के जरूरतमंद बच्चों को बड़ा लाभ मिलेगा।

Bhaskar 8/03/24

epaper.punjabijagran.com

# ਗੋਲਡਨ ਹਾਰਟ ਸਕੀਮ ਅਧੀਨ ਹੋਣਗੇ ਦਾਖਲੇ

**ਮਹਿੰਦਰ ਸਿੰਘ ਰੂਪ, ਤਲਵੰਡੀ ਸਾਬੋ** : ਇਸ ਅਕਾਦਮਿਕ ਸੈਸ਼ਨ ਤੋਂ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵਿਖੇ ਬੀਟੈੱਕ ਪਹਿਲੇ ਸਾਲ ਲਈ ਗੋਲਡਨ ਹਾਰਟ ਸਕਾਲਰਸ਼ਿਪ ਸਕੀਮ ਅਧੀਨ 10+2 ਨਾਨ-ਮੈਡੀਕਲ ਪਾਸ ਵਿਦਿਆਰਥੀਆਂ ਨੂੰ ਵੀ ਦਾਖਲ ਕਰਨ ਦੀ ਸ਼ੁਰੂਆਤ ਕੀਤੀ ਗਈ ਹੈ। ਕੈਂਪਸ ਦੇ ਡਾਇਰੈਕਟਰ ਡਾ. ਕੰਵਲਜੀਤ ਸਿੰਘ ਨੇ ਦੱਸਿਆ ਕਿ ਗੋਲਡਨ ਹਾਰਟ ਸਕੀਮ ਅਧੀਨ ਬੀਟੈੱਕ ਛੇ ਸਾਲਾਂ ਦੇ ਪਹਿਲੇ ਮਡਿਊਲ 'ਚ ਨੱਬੇ ਸੀਟਾਂ 'ਤੇ ਇੰਜੀਨੀਅਰਿੰਗ ਡਿਪਲੋਮੇ ਵਿਚ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਅਤੇ ਨੱਬੇ ਸੀਟਾਂ ਤੇ 10+1 ਨਾਨ-ਮੈਡੀਕਲ ਵਿਚ ਵਿਦਿਆਰਥੀਆਂ ਨੂੰ ਪਹਿਲਾ ਦੀ ਤਰ੍ਹਾਂ ਹੀ ਦਾਖਲਾ ਦਿੱਤਾ ਜਾਵੇਗਾ। ਪਹਿਲਾ ਮਡਿਊਲ ਸਫ਼ਲਤਾਪੂਰਵਕ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਮੋਟ ਕਰਨ ਉਪਰੰਤ ਬੀਟੈੱਕ ਛੇ ਸਾਲਾਂ ਕੋਰਸ ਦੇ ਦੂਰਸੇ ਮਡਿਊਲ (ਬੀਟੈੱਕ. ਪਹਿਲਾ ਸਾਲਾ ਈਸੀਈ., ਐੱਮਈ., ਸੀਐੱਸਈ.) ਵਿਚ ਦਾਖਲਾ ਦਿੱਤਾ ਜਾਵੇਗਾ। ਪ੍ਰਮੋਟ ਕਰਨ ਉਪਰੰਤ ਗੋਲਡਨ ਹਾਰਟਸ ਸਕੀਮ ਦੇ ਦੂਸਰੇ ਮਡਿਊਲ ਬੀਟੈੱਕ ਚਾਰ ਸਾਲਾਂ ਕੋਰਸ ਦੀਆਂ ਖਾਲੀ ਰਹਿ ਗਈਆਂ ਸੀਟਾਂ ਲਈ ਸਰਕਾਰੀ ਸਕੂਲਾਂ, ਮੈਰੀਟੋਰੀਅਸ ਸਕੂਲਾਂ, ਸਰਕਾਰੀ ਐਮੀਨੈਂਸ ਸਕੂਲ, ਆਦਰਸ਼ ਸਕੂਲਾ, ਜਵਾਹਰ ਨਵੋਦਿਆ ਅਤੇ ਸਰਕਾਰੀ ਮਾਡਲ ਸਕੂਲਾਂ ਤੋਂ 10+2 ਨਾਨ-ਮੈਡੀਕਲ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਗੋਲਡਨ ਹਾਰਟਸ ਸਕੀਮ ਦੀਆਂ ਸ਼ਰਤਾਂ ਅਧੀਨ, ਬਸ਼ਰਤੇ ਉਹ 10ਵੀਂ ਕਲਾਸ ਤੱਕ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਨੂੰ ਦੂਸਰੇ ਮਡਿਊਲ ਬੀਟੈੱਕ. ਚਾਰ ਸਾਲਾ ਕੋਰਸ ਵਿਚ ਦਾਖਲਾ ਦੇਣ ਦੀ ਨਵੀਂ ਵਿਵਸਥਾ ਕੀਤੀ ਗਈ ਹੈ। ਪ੍ਰੋ. ਕੰਵਲਜੀਤ ਸਿੰਘ ਦੇ ਨਾਲ ਮੌਜੂਦ ਕੋਆਰਡੀਨੇਟਰ ਦਾਖਲੇ ਪ੍ਰੋ. ਹਜੂਰ ਸਿੰਘ, ਕੋ-ਕੋਆਰਡੀਨੇਟਰ ਦਾਖਲੇ ਪ੍ਰੋ. ਨਵਦੀਪ ਗੋਇਲ ਵੱਖ-ਵੱਖ ਵਿਭਾਗਾਂ ਦੇ ਮੁਖੀ ਡਾ. ਸਿੰਪਲ ਰਾਣੀ, ਡਾ. ਅੰਜੂ ਸੈਣੀ, ਡਾ. ਅਨੰਦ ਬਾਂਸਲ, ਡਾ. ਸੁਸ਼ੀਲ ਕੁਮਾਰ, ਡਾ. ਬਲਦੇਵ ਸਿੰਘ ਨੇ ਉਕਤ ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦੇਣ 'ਤੇ ਖੁਸ਼ੀ ਜ਼ਾਹਿਰ ਕੀਤੀ।

ਪੰਜਾਬ ਟਾਇਮਜ਼
Leading Punjabi daily newspaper

# ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਵੱਲੋਂ ਇਸ ਸਾਲ ਤੋਂ ਬੀ.ਟੈੱਕ. ਭਾਗ ਪਹਿਲਾ ਵਿੱਚ 10+2 ਨਾਨ-ਮੈਡੀਕਲ ਪਾਸ ਵਿਦਿਆਰਥੀਆਂ ਦੇ ਗੋਲਡਨ ਹਾਰਟ ਸਕੀਮ ਅਧੀਨ ਦਾਖਲੇ ਕਰਨ ਦੀ ਪਹਿਲਕਦਮੀ

ਪੰਜਾਬ ਟਾਇਮਜ਼ ਖਬਰ

ਬਠਿੰਡਾ, 2 ਮਾਰਚ (ਲੁਭਾਸ ਸਿੰਗਲਾ/ ਮਨਮੋਹਨ ਗਰਗ)- ਅਕਾਦਮਿਕ ਸੈਸ਼ਨ ਤੋਂ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵਿਖੇ ਬੀ.ਟੈੱਕ. ਪਹਿਲੇ ਸਾਲ ਲਈ ਗੋਲਡਨ ਹਾਰਟ ਸਕਾਲਰਸ਼ਿਪ ਸਕੀਮ ਅਧੀਨ 10+2 ਨਾਨ-ਮੈਡੀਕਲ ਪਾਸ ਵਿਦਿਆਰਥੀਆਂ ਨੂੰ ਵੀ ਦਾਖਲ ਕਰਨ ਦੀ ਸ਼ੁਰੂਆਤ ਕੀਤੀ ਗਈ ਹੈ ਕੈਂਪਸ ਦੇ ਡਾਇਰੈਕਟਰ ਡਾ. ਕੰਵਲਜੀਤ ਸਿੰਘ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੋਲਡਨ ਹਾਰਟ ਸਕੀਮ ਅਧੀਨ ਬੀ.ਟੈੱਕ. ਛੇ ਸਾਲਾ ਦੇ ਪਹਿਲੇ ਮਡਿਊਲ ਵਿੱਚ ਨੱਬੇ ਸੀਟਾਂ ਤੇ ਇੰਜੀਨੀਅਰਿੰਗ ਡਿਪਲੋਮੇ ਵਿੱਚ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਅਤੇ ਨੱਬੇ ਸੀਟਾਂ ਤੇ 10+1 ਨਾਨ-ਮੈਡੀਕਲ ਵਿੱਚ ਵਿਦਿਆਰਥੀਆਂ ਨੂੰ ਪਹਿਲਾ ਦੀ ਤਰਾਂ ਹੀ ਦਾਖਲਾ ਦਿੱਤਾ ਜਾਵੇਗਾ ਪਹਿਲਾ ਮਡਿਊਲ ਸਫ਼ਲਤਾਪੂਰਵਕ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਮੋਟ ਕਰਨ ਉਪਰੰਤ ਬੀ.ਟੈੱਕ. ਛੇ ਸਾਲਾ ਕੋਰਸ ਦੇ ਦੂਰਸੇ ਮਡਿਊਲ (ਬੀ.ਟੈੱਕ. ਪਹਿਲਾ ਸਾਲਾ ਈ.ਸੀ.ਈ., ਐੱਮ.ਈ., ਸੀ.ਐੱਸ.ਈ.) ਵਿੱਚ ਦਾਖਲਾ ਦਿੱਤਾ ਜਾਵੇਗਾ ਪ੍ਰਮੋਟ ਕਰਨ ਉਪਰੰਤ ਗੋਲਡਨ ਹਾਰਟਸ ਸਕੀਮ ਦੇ ਦੂਸਰੇ ਮਡਿਊਲ ਬੀ.ਟੈੱਕ. ਚਾਰ ਸਾਲਾ ਕੋਰਸ ਦੀਆਂ ਖਾਲੀ ਰਹਿ ਗਈਆਂ ਸੀਟਾਂ ਲਈ ਸਰਕਾਰੀ ਸਕੂਲਾਂ, ਮੈਰੀਟੋਰੀਅਸ ਸਕੂਲਾਂ, ਸਰਕਾਰੀ ਐਮੀਨੈੱਸ ਸਕੂਲ, ਆਦਰਸ਼ ਸਕੂਲਾ, ਜਵਾਹਰ ਨਵੋਦਿਆ ਅਤੇ ਸਰਕਾਰੀ ਮਾਡਲ ਸਕੂਲਾਂ ਤੋਂ 10+2 ਨਾਨ-ਮੈਡੀਕਲ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਗੋਲਡਨ ਹਾਰਟਸ ਸਕੀਮ ਦੀਆਂ ਸ਼ਰਤਾਂ ਅਧੀਨ, ਬਸ਼ਰਤੇ ਉਹ 10ਵੀਂ ਕਲਾਸ ਤੱਕ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਨੂੰ ਦੂਸਰੇ ਮਡਿਊਲ ਬੀ.ਟੈੱਕ. ਚਾਰ ਸਾਲਾ ਕੋਰਸ ਵਿੱਚ ਦਾਖਲਾ ਦੇਣ ਦੀ ਨਵੀਂ ਵਿਵਸਥਾ ਕੀਤੀ ਗਈ ਹੈ ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਅਰਵਿੰਦ ਦੀ ਇਸ ਕੈਂਪਸ ਦੀ ਪ੍ਰਫੁੱਲਤਾ ਪ੍ਰਤਿ ਨਿੱਜੀ ਦਿਲਚਸਪੀ ਅਤੇ ਯੋਗ ਅਗਵਾਈ ਹੇਠ ਗੋਲਡਨ ਹਾਰਟ ਸਕੀਮ ਅਧੀਨ ਇਨ੍ਹਾਂ ਕੋਰਸਾਂ ਦਾ ਪੇਂਡੂ ਖਿੱਤੇ ਦੇ ਦਸਵੀਂ ਅਤੇ ਬ੍ਹਾਰਵੀਂ ਪਾਸ ਲੋੜਵੰਦ ਵਿਦਿਆਰਥੀਆਂ ਨੂੰ ਬਹੁਤ ਜਿਆਦਾ ਫਾਇਦਾ ਮਿਲੇਗਾ ਅੱਜ ਦੇ ਤਕਨੀਕੀ ਯੁੱਗ ਨੂੰ ਮੁੱਖ ਰੱਖਦੇ ਹੋਏ ਵਿਦਿਆਰਥੀਆਂ ਵਿੱਚ ਤਕਨੀਕੀ ਮੁਹਾਰਤ ਪ੍ਰਫੁੱਲਤ ਕਰਨ ਲਈ ਇਹ ਕੋਰਸ ਸ਼ੁਰੂ ਕੀਤੇ ਗਏ ਹਨ ਕੈਂਪਸ ਡਾਇਰੈਕਟਰ ਵੱਲੋਂ ਹਰ ਤਰ੍ਹਾਂ ਦੇ ਵਿਦਿਆਰਥੀਆਂ ਲਈ ਹਰ ਤਰ੍ਹਾਂ ਦੇ ਕੋਰਸਾਂ ਦੀ ਵੱਖ-ਵੱਖ ਵਿਭਾਗਾਂ ਦੇ ਵੱਖ-ਵੱਖ ਵਿਸ਼ਿਆਂ ਦੀ ਇੱਕ ਲੰਮੀ ਸੂਚੀ ਵੀ ਜਾਰੀ ਕੀਤੀ ਗਈ ਹੈ ਪ੍ਰੋ. ਕੰਵਲਜੀਤ ਸਿੰਘ ਦੇ ਨਾਲ ਮੌਜੂਦ ਕੋਆਰਡੀਨੇਟਰ ਦਾਖਲੇ ਪ੍ਰੋ. ਹਜ਼ੂਰ ਸਿੰਘ, ਕੋ-ਕੋਆਰਡੀਨੇਟਰ ਦਾਖਲੇ ਪ੍ਰੋ. ਨਵਦੀਪ ਗੋਇਲ ਵੱਖ-ਵੱਖ ਵਿਭਾਗਾਂ ਦੇ ਮੁਖੀ ਡਾ. ਸਿੰਪਲ ਰਾਣੀ, ਡਾ. ਅੰਜੂ ਸੈਣੀ, ਡਾ. ਅਨੰਦ ਬਾਂਸਲ, ਡਾ. ਸੁਸ਼ੀਲ ਕੁਮਾਰ, ਡਾ. ਬਲਦੇਵ ਸਿੰਘ ਨੇ ਉਕਤ ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦੇਣ ਤੇ ਖ਼ੁਸ਼ੀ ਜਾਹਰ ਕਰਦੇ ਹੋਏ ਯੂਨੀਵਰਸਿਟੀ ਉੱਚ ਅਧਿਕਾਰੀਆਂ ਦਾ ਧੰਨਵਾਦ ਕੀਤਾ ਕੈਂਪਸ ਡਾਇਰੈਕਟਰ ਨੇ ਦੱਸਿਆ ਕਿ ਵਿਭਾਗ ਅਤੇ ਕੈਂਪਸ ਵਿਖੇ ਚਲ ਰਹੇ ਹੋਰ ਕੋਰਸਾਂ ਦੇ ਦਾਖਲਿਆਂ ਸਬੰਧੀ ਜਾਣਕਾਰੀ ਵੈੱਬਸਾਈਟ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

